# ਅਸੀਂ ਕੀ ਕਰਦੇ ਹਾਂ

## 1 ਜਨਵਰੀ 2015 ਤੋਂ, ਸਾਨੂੰ ਵਾਤਾਵਰਣ, ਜ਼ਮੀਨ ਅਤੇ ਯੋਜਨਾ ਵਿਭਾਗ (Department of Environment, Land, Water and Planning) ਦੇ ਨਾਮ ਨਾਲ ਜਾਣਿਆ ਜਾਂਦਾ ਹੈ।

DELWP ਵਿਕਟੋਰੀਆ ਦੇ ਯੋਜਨਾ, ਸਥਾਨਕ ਸਰਕਾਰੀ, ਵਾਤਾਵਰਣ, ਊਰਜਾ, ਉਪ-ਨਗਰੀ ਵਿਕਾਸ, ਜੰਗਲ, ਸੰਕਟਕਾਲੀਨ ਪ੍ਰਬੰਧ, ਮੌਸਮੀ ਤਬਦੀਲੀ ਅਤੇ ਜਲ ਸੰਬੰਧੀ ਕਾਰਜਾਂ ਨੂੰ ਇੱਕੋ ਵਿਭਾਗ ਵਿੱਚ ਲਿਆਉਂਦੀ ਹੈ ਜਿਸ ਨਾਲ ਵਾਤਾਵਰਣ, ਭਾਈਚਾਰੇ, ਉਦਯੋਗ ਅਤੇ ਅਰਥ-ਵਿਵਸਥਾ ਵਿੱਚਕਾਰ ਸੰਬੰਧ ਮਜ਼ਬੂਤ ਹੋ ਸਕਣ।

ਸਾਡੀ ਚੁਣੌਤੀ ਵਿਕਟੋਰੀਆ ਦੀ ਆਬਾਦੀ, ਜਿਸਦੇ 2050 ਤਕ ਦੁੱਗਣਾ ਹੋਣ ਦੀ ਉਮੀਦ ਹੈ, ਦੇ ਨਾਲ-ਨਾਲ ਇੱਥੇ ਰਹਿਣ ਦੀ ਯੋਗਤਾ ਨੂੰ ਬਣਾਏ ਰੱਖਣਾ ਹੈ, ਨਾਲ ਹੀ ਮੌਸਮੀ ਤਬਦੀਲੀ ਉੱਤੇ ਪ੍ਰਤੀਕ੍ਰਿਆ ਕਰਨਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਸਾਡੇ ਕੁਦਰਤੀ ਵਾਤਾਵਰਣ, ਬੁਨਿਆਦੀ ਸੁਵਿਧਾਵਾਂ ਅਤੇ ਵਿਰਸੇ ਦੀ ਸੁਰੱਖਿਆ ਕਰਨਾ ਵੀ ਸਾਡੇ ਲਈ ਇੱਕ ਚੁਣੌਤੀ ਹੈ।

## ਸਾਡੀਆਂ ਜਨਤਕ ਮਾਨਤਾਵਾਂ ਦੇ ਨਤੀਜੇ

DELWP ਦੀਆਂ ਅੱਠ ਜਨਤਕ ਮਾਨਤਾਵਾਂ ਦੇ ਨਤੀਜੇ ਸਾਡੇ ਉਦੇਸ਼ ਅਤੇ ਮੁੱਖ ਨਿਰਦੇਸ਼ਾਂ ਨੂੰ ਨਿਰਧਾਰਤ ਕਰਦੇ ਹਨ।

ਇਸ ਵਿੱਚ ਹੋਰ ਮੁੱਖ ਵਿਭਾਗਾਂ ਅਤੇ ਸੰਸਥਾਵਾਂ ਨਾਲ ਸਹਿਯੋਗੀ ਤਰੀਕੇ ਨਾਲ ਸਾਂਝੇ ਸਰਕਾਰੀ ਉਦੇਸ਼ਾਂ ਵਿੱਚ ਆਪਣਾ ਯੋਗਦਾਨ ਦੇਣਾ ਸ਼ਾਮਿਲ ਹੈ:

- ਜ਼ੀਰੋ ਨਿਕਾਸੀ, ਮੌਸਮ ਲਈ ਤਿਆਰ ਅਰਥ-ਵਿਵਸਥਾ ਅਤੇ ਭਾਈਚਾਰਾ
- ਤੰਦਰੁਸਤ, ਲਚਕੀਲਾ ਅਤੇ ਜੈਵ-ਵਿਵਿਧ ਵਾਤਾਵਰਣ
- ਭਰੋਸੇਮੰਦ, ਕੁਸ਼ਲ, ਸੁਲੱਭ, ਸੁਰੱਖਿਅਤ ਅਤੇ ਸੁਸਥਿਰ ਊਰਜਾ ਸੇਵਾਵਾਂ
- ਉਪਤਾਦਕ ਅਤੇ ਕੁਸ਼ਲ ਜ਼ਮੀਨੀ ਪ੍ਰਬੰਧ
- ਸੁਰੱਖਿਅਤ ਅਤੇ ਸੁਸਥਿਰ ਜਲ ਸਾਧਨ
- ਗੁਣਵੱਤਾਪੂਰਣ ਤਰੀਕੇ ਨਾਲ ਤਿਆਰ ਵਾਤਾਵਰਣ
- ਸੁਸਥਿਰ ਅਤੇ ਪ੍ਰਭਾਵੀ ਸਥਾਨਕ ਸਰਕਾਰਾਂ
- ਮੁੱਖ ਬੁਸ਼ਫਾਇਰ ਅਤੇ ਹੋਰ ਸੰਕਟਕਾਲੀਨ ਸਥਿਤੀਆਂ ਦਾ ਲੋਕਾਂ, ਪ੍ਰਾਪਰਟੀਆਂ ਅਤੇ ਵਾਤਾਵਰਣ ਉਤੇ ਘੱਟ ਅਸਰ।

DELWP ਕਈ ਸੰਸਥਾਵਾਂ, ਉਦਯੋਗੀ ਸੰਗਠਨਾਂ, ਨੀਤੀ ਸੰਸਥਾਨਾਂ ਅਤੇ ਯੁਨੀਵਰਸਿਟੀਆਂ ਨਾਲ ਕੰਮ ਕਰਦੀ ਹੈ। ਇਨ੍ਹਾਂ ਸੰਬੰਧਾਂ ਵਿੱਚ ਖੋਜ, ਨੀਤੀ ਵਿਕਾਸ, ਪ੍ਰੋਗ੍ਰਾਮ ਨੂੰ ਲਾਗੂ ਕਰਨਾ ਅਤੇ ਧਨ-ਰਾਸ਼ੀ ਪ੍ਰਦਾਨ ਕਰਨ ਸੰਬੰਧੀ ਸਹਾਇਤਾ ਸ਼ਾਮਿਲ ਹੈ।

ਅਸੀਂ DELWP 2020, ਸਾਡੇ ਕਾਰਜਨੀਤਿਕ ਢਾਂਚੇ, ਅਤੇ ਰਲ ਕੇ ਕੰਮ ਕਰਨ, ਕਲਿਆਣ ਅਤੇ ਸੁਰੱਖਿਆ, ਮਲਕੀਅਤ ਅਤੇ ਸੇਵਾ ਉੱਤਮਤਾ ਦੀਆਂ ਆਪਣੀਆਂ ਚੁਣੀਆਂ ਹੋਈਆਂ ਮਾਨਤਾਵਾਂ ਰਾਹੀਂ DELWP ਲਈ ਦਿਸ਼ਾ ਸਥਾਪਿਤ ਕੀਤੀ ਹੈ।

VICTORIA State Government | Environment, Land, Water and Planning

# ਅਸੀਂ ਕੀ ਕਰਦੇ ਹਾਂ

ਇਹ ਯਕੀਨੀ ਬਣਾਉਣ ਲਈ ਕਿ ਅਸੀਂ ਵਿਕਟੋਰੀਆ ਦੇ ਸਾਰੇ ਲੋਕਾਂ ਲਈ ਸਰਬੋਤਮ ਤਰੀਕੇ ਨਾਲ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ, ਅਸੀਂ ਇੱਕ ਸਕਾਰਾਤਮਕ ਸੰਸਥਾਗਤ ਸਭਿਆਚਾਰ ਦੀ ਉਸਾਰੀ ਕਰ ਰਹੇ ਹਾਂ ਜੋ ਮਜ਼ਬੂਤ ਅਗਵਾਈ, ਵਿਵਿਧਤਾ, ਸਹਿਯੋਗ, ਨਵੀਨਤਾ ਅਤੇ

ਸਾਡੇ ਲੋਕਾਂ ਦਾ ਵਿਕਾਸ ਕਰਨ ਰਾਹੀਂ ਉੱਚ ਪ੍ਰਦਰਸ਼ਨ ਦਾ ਸੰਚਾਲਨ ਕਰਦੀ ਹੈ – ਇੱਕ ਵਿਵਿਧ ਅਤੇ ਸਮਾਵੇਸ਼ੀ ਸੰਸਥਾ ਬਣਨ ਨਾਲ ਅਸੀਂ ਇੱਕ ਦੂਜੇ ਤੋਂ ਸਿੱਖਣ, ਆਪਣੀ ਸਮਝਬੂਝ ਨੂੰ ਵਧਾਉਣ ਅਤੇ ਨਤੀਜੇ ਪ੍ਰਦਾਨ ਕਰਨ ਲਈ ਨਵੇਂ ਤਰੀਕਿਆਂ ਦੀ ਭਾਲ ਕਰਨ ਵਿੱਚ ਯੋਗ ਹੁੰਦੇ ਹਾਂ।

## ਸਾਡਾ ਉਦੇਸ਼ ਅਤੇ ਸਿਧਾਂਤ

ਵਿਵਿਧਤਾ ਅਤੇ ਸਮਾਵੇਸ਼ੀ ਲਈ ਸਾਡਾ ਉਦੇਸ਼ ਕਾਰਜ-ਸਥਾਨ ਵਿੱਚ ਇੱਕ ਅਜਿਹੇ ਸਭਿਆਚਾਰ ਦੀ ਉਸਾਰੀ ਕਰਨਾ ਹੈ ਜੋ ਹਰ ਤਰ੍ਹਾਂ ਦੇ ਨਿੱਜੀ ਅੰਤਰਾਂ ਨੂੰ ਸਵੀਕਾਰ ਕਰਦਾ ਹੈ ਅਤੇ ਨਵੀਨਤਾ ਅਤੇ ਸਮਾਵੇਸ਼ੀ ਨੂੰ ਵਧਾਵਾ ਦਿੰਦਾ ਹੈ। ਅਸੀਂ ਉਸ ਪਰਿਸਥਿਤੀ ਵਿੱਚ ਆਪਣੀ ਵਿਵਿਧਤਾ ਅਤੇ ਸਮਾਵੇਸ਼ੀ ਦੀ ਮਾਨਤਾਵਾਂ ਦਾ ਪਾਲਣ ਕਰਾਂਗੇ ਜਦ ਸਾਡੇ ਲੋਕ ਹੇਠਾਂ ਦਿੱਤੇ ਸਿਧਾਂਤਾਂ ਨੂੰ ਸਵੀਕਾਰ ਕਰਨਗੇ:

- ਦੂਜੇ ਲੋਕਾਂ ਦੇ ਤਜਰਬੇ ਅਤੇ ਵਿਚਾਰਾਂ ਤੋਂ ਲਾਭ ਚੁੱਕਣਾ
- ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਸਵੀਕਾਰ ਕਰਨਾ
- ਉਨ੍ਹਾਂ ਨੂੰ ਇਹ ਅਹਿਸਾਸ ਦਵਾਉਣਾ ਕਿ ਉਹ ਆਪਣਾਪਨ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਦੀ ਵਿਲੱਖਣਤਾ ਨੂੰ ਪਛਾਣਨਾ
- ਯੋਗਦਾਨ ਦਾ ਸਨਮਾਨ ਕੀਤਾ ਜਾਂਦਾ ਹੈ
- ਕਾਰਜ-ਸਥਾਨ ਵਿੱਚ ਸਮਾਨ ਅਵਸਰ ਪ੍ਰਦਾਨ ਕਰਨਾ
- ਸਾਡੇ ਵਿਵਿਧ ਉਪਭੋਗਤਾਵਾਂ ਨਾਲ ਕਾਰਗਰ ਢੰਗ ਨਾਲ ਸੰਪਰਕ ਸਥਾਪਿਤ ਕਰਨਾ ਅਤੇ
- ਭਾਈਚਾਰਿਆਂ ਦੁਆਰਾ ਆਪਣੀਆਂ ਲੋੜਾਂ ਨੂੰ ਸਮਝਣਾ

ਜੇਕਰ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਅਨੁਵਾਦ ਅਤੇ ਤਰਜਮੇ ਲਈ ਅਨੁਵਾਦ ਅਤੇ ਦੋਭਾਸ਼ੀਆ ਸੇਵਾ (Translating and Interpreting Service - TIS) ਨਾਲ ਸੰਪਰਕ ਕਰੋ।
TIS ਨੈਸ਼ਨਲ ਨਾਲ 131 450 ਤੇ ਸੰਪਰਕ ਕਰੋ (ਆਸਟ੍ਰੇਲੀਆ ਵਿੱਚ) ਜਾਂ www.tisnational.gov.au ਵੇਖੋ।